# ਬੀਮਾਰੀ ਦੇ ਲੱਛਣਾਂ ਬਾਰੇ ਰਿਪੋਰਟ ਕਰਨਾ

Surrey Schools
LEADERSHIP IN LEARNING

## ਸਟਾਫ

### ਇਕ ਸਟਾਫ ਮੈਂਬਰ ਕੰਮ ਦੀ ਥਾਂ 'ਤੇ ਬੀਮਾਰ ਹੋ ਗਿਆ ਹੈ। ਮੈਂ ਕੀ ਕਰਾਂ?

**ਨੋਟ:** ਜਿਹੜੇ ਕਰਮਚਾਰੀ ਬੀਮਾਰ ਹੁੰਦੇ ਹੋਏ ਕੰਮ 'ਤੇ ਆਉਣਗੇ, ਉਨ੍ਹਾਂ ਨੂੰ **ਇਕਦਮ** ਘਰ ਭੇਜ ਦਿੱਤਾ ਜਾਵੇਗਾ।

ਜੇ ਕੋਈ ਕਰਮਚਾਰੀ ਕੰਮ 'ਤੇ ਹੋਣ ਸਮੇਂ ਬੀਮਾਰ ਮਹਿਸੂਸ ਕਰਨ ਲੱਗੇ, ਭਾਵੇਂ ਲੱਛਣ ਕਿੰਨੇ ਵੀ ਹਲਕੇ ਹੋਣ, ਉਸ ਲਈ ਇਸ ਬਾਰੇ **ਇਕਦਮ** ਸਿੱਧਾ ਆਪਣੇ ਸੁਪਰਵਾਈਜ਼ਰ ਨੂੰ ਦੱਸਣਾ **ਜ਼ਰੂਰੀ** ਹੈ।

ਬੀਮਾਰ ਕਰਮਚਾਰੀਆਂ ਨੂੰ ਅੱਗੇ ਦਿੱਤੀਆਂ ਚੀਜ਼ਾਂ ਕਰਨ ਲਈ ਕਹਿਣਾ ਚਾਹੀਦਾ ਹੈ:

- ਆਪਣੇ ਹੱਥਾਂ ਨੂੰ ਧੋਣ ਜਾਂ ਸੈਨੀਟਾਇਜ਼ ਕਰਨ ਲਈ
- ਆਪਣੇ ਆਪ ਨੂੰ ਇਕੱਲੇ ਕਰਨ ਲਈ
- ਜੇ ਮੈਡੀਕਲ ਸਹਾਇਤਾ ਦੀ ਲੋੜ ਹੋਵੇ ਤਾਂ ਫਸਟ ਏਡ ਅਟੈਂਡਿੰਟ ਨੂੰ ਦੱਸਣ ਲਈ

ਕਰਮਚਾਰੀ ਫਿਰ ਸਿੱਧੇ ਘਰ ਜਾਣਗੇ ਅਤੇ ਉਨ੍ਹਾਂ ਨੂੰ ਟੈਸਟ ਕਰਾਉਣ ਅਤੇ ਆਪਣੇ ਆਪ ਨੂੰ ਇਕਾਂਤਵਾਸ ਵਿੱਚ ਰੱਖਣ ਨਾਲ ਸੰਬੰਧਤ ਅਗਲੀ ਸੇਧ ਲੈਣ ਲਈ **ਬੀ ਸੀ ਕੋਵਿਡ-19 ਸੈਲਫ ਅਸੈੱਸਮੈਂਟ ਟੂਲ** ਦੀ ਵਰਤੋਂ ਕਰਨ ਲਈ ਜਾਂ 811 'ਤੇ ਫੋਨ ਕਰਨ ਲਈ ਕਿਹਾ ਜਾਵੇਗਾ।

## ਵਿਦਿਆਰਥੀ

### ਇਕ ਵਿਦਿਆਰਥੀ ਕੰਮ ਦੀ ਥਾਂ 'ਤੇ ਬੀਮਾਰ ਹੋ ਗਿਆ ਹੈ। ਮੈਂ ਕੀ ਕਰਾਂ?ੱਹਅਟ ਦੋ ੀ ਦੋ?

ਜੇ ਕਿਸੇ ਵੀ ਵਿਦਿਆਰਥੀ ਵਿੱਚ ਸਕੂਲ ਵਿੱਚ ਕੋਵਿਡ-19 ਦਾ ਕੋਈ ਵੀ ਲੱਛਣ ਦਿਖਾਈ ਦਿੰਦਾ ਹੈ, ਤਾਂ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਲਈ ਸੁਰੱਖਿਆ ਦੇ ਨਿਯਮ ਮੌਜੂਦ ਹਨ:

- ਬੱਚਾ ਇਕਾਂਤ ਵਾਲੇ ਕਮਰੇ ਵਿੱਚ ਉਡੀਕ ਕਰੇਗਾ।
- ਉਡੀਕ ਕਰਦੇ ਸਮੇਂ ਬੱਚੇ ਨੂੰ ਨਾਨ-ਮੈਡੀਕਲ ਮਾਸਕ ਪਾਉਣਾ ਚਾਹੀਦਾ ਹੈ। (ਜੇ ਜਿਸਮਾਨੀ ਦੂਰੀ ਨਾ ਰੱਖੀ ਜਾ ਸਕਦੀ ਹੋਵੇ ਤਾਂ ਸਟਾਫ ਦੇ ਮੈਂਬਰਾਂ ਨੂੰ ਵੀ ਮਾਸਕ ਪਾਉਣਾ ਚਾਹੀਦਾ ਹੈ।)
- ਸਕੂਲ ਬੱਚੇ ਨੂੰ ਘਰ ਲਿਜਾਣ ਲਈ ਮਾਪਿਆਂ ਜਾਂ ਗਾਰਡੀਅਨਾਂ ਨਾਲ ਸੰਪਰਕ ਕਰੇਗਾ।
- ਸਕੂਲ ਅੱਗੇ ਦਿੱਤੇ ਵਿਅਕਤੀ ਨਾਲ ਸੰਪਰਕ ਕਰੇਗਾ:

  **ਮੈਰੀ ਕੈਂਬਲ,** ਹੈਲਥ ਐਂਡ ਸੇਫਟੀ ਦੀ ਮੈਨੇਜਰ
  ਈਮੇਲ: **campbell_m@surreyschools.ca**

- ਕਿਰਪਾ ਕਰਕੇ ਪਬਲਿਕ ਹੈਲਥ ਦੇ ਅਧਿਕਾਰੀਆਂ ਵੱਲੋਂ ਦਿੱਤੀਆਂ ਹੋਰ ਹਿਦਾਇਤਾਂ ਦੀ ਪਾਲਣਾ ਕਰਨ ਵਿੱਚ ਸਹਿਯੋਗ ਕਰੋ

---

- ਕੰਮ ਦੀ ਹਰ ਥਾਂ 'ਤੇ ਇਕ ਅਜਿਹੀ ਥਾਂ ਨਿਸ਼ਚਤ ਕੀਤੀ ਗਈ ਹੈ, ਜਿੱਥੇ ਉੱਥੋਂ ਲਿਜਾਏ ਜਾਣ ਦੀ ਉਡੀਕ ਕਰ ਰਹੇ ਕੋਵਿਡ-19 ਦੇ ਲੱਛਣਾਂ ਜਾਂ ਕਿਸੇ ਹੋਰ ਸਾਹ ਦੀ ਬੀਮਾਰੀ ਤੋਂ ਪ੍ਰਭਾਵਿਤ ਵਿਅਕਤੀ ਨੂੰ ਇਕਾਂਤ ਵਿੱਚ ਰੱਖਿਆ ਜਾ ਸਕਦਾ ਹੈ।
- ਜੇ ਕਰਮਚਾਰੀ ਜਾਂ ਵਿਦਿਆਰਥੀ ਗੰਭੀਰ ਰੂਪ ਵਿੱਚ ਬੀਮਾਰ ਹੋਵੇ (ਜਿਵੇਂ ਕਿ ਉਸ ਨੂੰ ਸਾਹ ਲੈਣ ਵਿੱਚ ਮੁਸ਼ਕਿਲ ਆ ਰਹੀ ਹੋਵੇ, ਉਸ ਦੀ ਛਾਤੀ ਵਿੱਚ ਦਰਦ ਹੋ ਰਿਹਾ ਹੋਵੇ) ਤਾਂ ਫਸਟ ਏਡ ਅਟੈਂਡਿੰਟ ਨੂੰ ਸੱਦਿਆ ਜਾਵੇਗਾ ਅਤੇ 911 'ਤੇ ਕਾਲ ਕੀਤੀ ਜਾਵੇਗੀ।
- ਫਸਟ ਏਡ ਅਟੈਂਡਿੰਟ ਗੰਭੀਰ ਰੂਪ ਵਿੱਚ ਬੀਮਾਰ ਵਿਅਕਤੀਆਂ ਦੀ ਮਦਦ ਕਰਨ ਲਈ ਪ੍ਰਾਪਤ ਕੀਤੀ ਆਪਣੀ ਸਿਖਲਾਈ ਅਨੁਸਾਰ ਚੁੱਕੇ ਜਾਣ ਵਾਲੇ ਕਦਮਾਂ ਦੀ ਪਾਲਣਾ ਕਰੇਗਾ। ਜੇ ਫਸਟ ਏਡ ਅਟੈਂਡਿੰਟ ਦਾ ਸੰਭਾਵੀ ਤੌਰ 'ਤੇ ਇਨਫੈਕਸ਼ਨ ਕਰਨ ਵਾਲੀ ਸਮੱਗਰੀ ਨਾਲ ਵਾਹ ਪੈਣਾ ਹੋਵੇ ਜਾਂ ਉਸ ਨੂੰ ਆਪਣੀ ਪ੍ਰਾਪਤ ਕੀਤੀ ਸਿਖਲਾਈ ਅਨੁਸਾਰ ਕੋਵਿਡ-19 ਦੇ ਲੱਛਣਾਂ ਵਾਲੇ ਵਿਅਕਤੀ ਦਾ ਇਲਾਜ ਕਰਨ ਦੀ ਲੋੜ ਹੋਵੇ ਤਾਂ ਉਸ ਨੂੰ ਪਰਸਨਲ ਪ੍ਰੋਟੈਕਟਿਵ ਇਕੁਇਪਮੈਂਟ (ਨਿੱਜੀ ਸੁਰੱਖਿਆ ਦਾ ਸਾਜ਼ ਸਾਮਾਨ) ਮੁਹੱਈਆ ਕੀਤਾ ਜਾਵੇਗਾ।
- ਕਿਸੇ ਵੀ ਤਰ੍ਹਾਂ ਦੀਆਂ ਉਨ੍ਹਾਂ ਥਾਂਵਾਂ ਨੂੰ ਸਾਫ ਕਰਨ ਅਤੇ ਰੋਗਾਣੂ ਰਹਿਤ ਕਰਨ ਲਈ ਸਰਵਿਸ ਉਪਰੇਸ਼ਨ ਨੂੰ ਕਾਲ ਕਰੋ, ਜਿਹਨਾਂ ਥਾਂਵਾਂ ਨਾਲ ਬੀਮਾਰ ਕਰਮਚਾਰੀ ਦਾ ਸੰਪਰਕ ਹੋਇਆ ਹੋਵੇ।
- ਕੇਅਰਟੇਕਰ ਢੁਕਵੇਂ ਢੰਗ ਨਾਲ ਥਾਂਵਾਂ ਨੂੰ ਸਾਫ ਅਤੇ ਰੋਗਾਣੂ ਰਹਿਤ ਕਰਨਗੇ ਅਤੇ ਕੰਮ ਦੇ ਸੁਰੱਖਿਅਤ ਤਰੀਕਿਆਂ ਦੀ ਪਾਲਣਾ ਕਰਨਗੇ।

ਜੇ ਤੁਹਾਨੂੰ ਸਟਾਫ ਦੇ ਕਿਸੇ ਹੋਰ ਮੈਂਬਰ ਦੇ ਤੰਦਰੁਸਤ ਹੋਣ ਬਾਰੇ ਫਿਕਰ ਹੋਵੇ ਤਾਂ ਕਿਰਪਾ ਕਰਕੇ ਇਸ ਬਾਰੇ ਆਪਣੇ ਸੁਪਰਵਾਈਜ਼ਰ ਨੂੰ ਦੱਸੋ।

### ਕੋਵਿਡ-19 ਦੇ ਲੱਛਣਾਂ ਵਾਲੇ ਕਿਸੇ ਸਟਾਫ ਮੈਂਬਰ ਜਾਂ ਵਿਦਿਆਰਥੀ ਲਈ:

- ਸਰਵਿਸ ਉਪਰੇਸ਼ਨਜ਼ ਦੀ ਡਿਸਪੈਚ ਨੂੰ ਕਾਲ ਕਰੋ ਅਤੇ ਦੱਸੋ ਕਿ ਤੁਹਾਨੂੰ ਕਿਸੇ ਲੱਛਣਾਂ ਵਾਲੇ ਵਿਅਕਤੀ ਨੂੰ ਘਰ ਭੇਜਣਾ ਪਿਆ ਹੈ।
- ਅੱਗੇ ਦਿੱਤੇ ਲੋਕਾਂ ਨੂੰ ਈਮੇਲ ਰਾਹੀਂ ਘਟਨਾ ਦਾ ਸਾਰ ਭੇਜੋ।

  **ਟੂ:** ਮੈਡਲੇਨ ਮਹੋਨੀ, ਮਾਰਕ ਵੈੱਸਟ, ਕੰਮ ਵਾਲੀ ਥਾਂ ਦੇ ਢੁਕਵੇਂ ਮੈਨੇਜਰ ਜਾਂ ਪ੍ਰਿੰਸੀਪਲ ਨੂੰ
  **ਕਾਪੀ:** ਐੱਚ ਆਰ ਈ ਐੱਸ-ਸੇਫਟੀ

**ਪ੍ਰਾਈਵੇਸੀ ਦੇ ਕਾਰਨਾਂ ਕਰਕੇ, ਪ੍ਰਭਾਵਿਤ ਵਿਅਕਤੀ ਦਾ ਨਾਂ ਜਾਂ ਉਸ ਦੀ ਨਿੱਜੀ ਪਛਾਣ ਬਾਰੇ ਹੋਰ ਜਾਣਕਾਰੀ ਵਿੱਚ ਸ਼ਾਮਲ ਨਾ ਕਰੋ।**

# ਕੋਵਿਡ-19 ਦੇ ਕੇਸਾਂ ਬਾਰੇ ਰਿਪੋਰਟ ਕਰਨਾ

Surrey Schools
LEADERSHIP IN LEARNING

## ਸਟਾਫ ਦਾ ਕੋਈ ਮੈਂਬਰ/ਵਿਦਿਆਰਥੀ ਦੱਸਦਾ ਹੈ ਕਿ ਉਸ ਦਾ ਕੋਵਿਡ-19 ਲਈ ਟੈਸਟ ਪਾਜ਼ੇਟਿਵ ਆਇਆ ਹੈ। ਮੈਂ ਕੀ ਕਰਾਂ?

1. ਇਸ ਗੱਲ ਦੀ ਤਸਦੀਕ ਕਰੋ ਕਿ ਰਿਪੋਰਟ ਕਰਨ ਵਾਲੇ ਕਰਮਚਾਰੀ ਜਾਂ ਵਿਦਿਆਰਥੀ ਦਾ ਕੋਵਿਡ-19 ਲਈ ਟੈਸਟ ਪਾਜ਼ੇਟਿਵ ਆਇਆ ਹੈ।

   **ਨੋਟ:** ਇਹ ਤਸਦੀਕ ਕਰਨਾ ਮਹੱਤਵਪੂਰਨ ਹੈ ਕਿ ਉਸ ਖਾਸ ਵਿਅਕਤੀ ਦਾ ਕੋਵਿਡ-19 ਲਈ ਟੈਸਟ ਪਾਜ਼ੇਟਿਵ ਆਇਆ ਹੈ, ਨਾ ਕਿ ਉਸ ਦੇ ਸੰਪਰਕ 'ਚ ਆਉਣ ਵਾਲੇ ਕਿਸੇ ਵਿਅਕਤੀ/ਪਰਿਵਾਰ ਦੇ ਮੈਂਬਰ/ਕਿਸੇ ਹੋਰ ਵਿਅਕਤੀ ਦਾ ਟੈਸਟ ਪਾਜ਼ੇਟਿਵ ਆਇਆ ਹੈ।

2. ਹੇਠਾਂ ਦਿੱਤੇ ਸਵਾਲ ਪੁੱਛੋ।

   **ਨੋਟ:** ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਦਾ ਹੋਣਾ ਚੰਗੀ ਗੱਲ ਹੈ। ਇਹ ਸਵਾਲ ਇਸ ਦੇ ਪ੍ਰਤੀਕਰਮ ਵਿੱਚ ਜ਼ਿਲ੍ਹੇ ਵੱਲੋਂ ਚੁੱਕੇ ਜਾਣ ਵਾਲੇ ਕਦਮਾਂ 'ਤੇ ਸਿੱਧਾ ਅਸਰ ਪਾਉਣਗੇ। ਜੇ ਸਾਡੇ ਕੋਲ ਜ਼ਿਆਦਾ ਜਾਣਕਾਰੀ ਹੋਵੇਗੀ, ਤਾਂ ਅਸੀਂ ਉਸ ਬਾਰੇ ਢੁਕਵੇਂ ਕਦਮ ਚੁੱਕਣ ਦੇ ਯੋਗ ਹੋਵਾਂਗੇ.

### ਸਟਾਫ

- ਉਸ ਦਾ ਪੂਰਾ ਨਾਂ, ਫੋਨ ਨੰਬਰ ਅਤੇ ਇੰਪਲੋਈ ਨੰਬਰ ਕੀ ਹੈ?
- ਕੀ ਉਹ ਰੈਗੂਲਰ ਸਟਾਫ ਮੈਂਬਰ ਹੈ ਜਾਂ ਕੈਜ਼ੂਅਲ/ਆਰਜ਼ੀ ਸਟਾਫ ਮੈਂਬਰ (ਟੀਚਰ ਆਨ ਕਾਲ/ਸਪੇਅਰਬੋਰਡ) ਹੈ
- ਉਹ ਕੰਮ ਵਾਲੀ ਥਾਂ 'ਤੇ ਪਿਛਲੀ ਵਾਰ ਕਦੋਂ (ਕਿਸ ਤਰੀਕ ਨੂੰ, ਕਿੰਨੇ ਵਜੇ) ਆਇਆ ਸੀ
- ਕੰਮ ਵਾਲੀ ਥਾਂ 'ਤੇ ਹੋਣ ਸਮੇਂ ਉਹ ਖਾਸ ਤੌਰ 'ਤੇ ਕਿਹਨਾਂ ਥਾਂਵਾਂ 'ਤੇ (ਕਿਹੜੇ ਦਫਤਰਾਂ, ਕਲਾਸਰੂਮਾਂ ਅਤੇ ਹੋਰ ਕਿਹੜੀਆਂ ਇਮਾਰਤਾਂ ਆਦਿ ਵਿੱਚ )ਗਿਆ ਸੀ
- ਕੰਮ ਵਾਲੀ ਥਾਂ 'ਤੇ ਹੋਣ ਸਮੇਂ ਉਹ ਕਿਸ ਨੂੰ ਮਿਲਿਆ ਸੀ ਜਾਂ ਕਿਸ ਦੇ ਸੰਪਰਕ ਵਿੱਚ ਆਇਆ ਸੀ
- ਉਸ ਨੇ ਸਭ ਤੋਂ ਪਹਿਲਾਂ ਲੱਛਣ ਕਦੋਂ ਮਹਿਸੂਸ ਕੀਤੇ/ ਲੱਛਣ ਸਭ ਤੋਂ ਪਹਿਲਾਂ ਕਦੋਂ ਪ੍ਰਗਟ ਹੋਏ (ਤਰੀਕ ਅਤੇ ਸਮਾਂ)
- ਕੀ ਉਹ ਕਿਸੇ ਪੱਕੇ ਕੇਸ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਇਆ ਹੈ?
- ਉਸ ਨੂੰ ਦੱਸੋ ਕਿ ਉਸ ਦੇ ਸੰਪਰਕ ਵਿੱਚ ਆਏ ਲੋਕਾਂ ਦਾ ਪਤਾ ਲਾਉਣ ਲਈ ਅਸੀਂ ਇਹ ਜਾਣਕਾਰੀ ਪਬਲਿਕ ਹੈਲਥ ਵਾਲਿਆਂ ਨੂੰ ਦੇਵਾਂਗੇ।

### ਵਿਦਿਆਰਥੀ

- ਉਸ ਦਾ ਪੂਰਾ ਨਾਂ, ਫੋਨ ਨੰਬਰ ਅਤੇ ਜਨਮ ਤਰੀਕ ਕੀ ਹੈ?
- ਉਹ ਕੰਮ ਵਾਲੀ ਥਾਂ 'ਤੇ ਪਿਛਲੀ ਵਾਰ ਕਦੋਂ (ਕਿਸ ਤਰੀਕ ਨੂੰ, ਕਿੰਨੇ ਵਜੇ) ਆਇਆ ਸੀ
- ਕੰਮ ਵਾਲੀ ਥਾਂ 'ਤੇ ਹੋਣ ਸਮੇਂ ਉਹ ਖਾਸ ਤੌਰ 'ਤੇ ਕਿਹਨਾਂ ਥਾਂਵਾਂ 'ਤੇ (ਕਿਹੜੇ ਦਫਤਰਾਂ, ਕਲਾਸਰੂਮਾਂ ਅਤੇ ਹੋਰ ਕਿਹੜੀਆਂ ਇਮਾਰਤਾਂ ਆਦਿ ਵਿੱਚ )ਗਿਆ ਸੀ
- ਕੰਮ ਵਾਲੀ ਥਾਂ 'ਤੇ ਹੋਣ ਸਮੇਂ ਉਹ ਕਿਸ ਨੂੰ ਮਿਲਿਆ ਸੀ ਜਾਂ ਕਿਸ ਦੇ ਸੰਪਰਕ ਵਿੱਚ ਆਇਆ ਸੀ
- ਉਸ ਨੇ ਸਭ ਤੋਂ ਪਹਿਲਾਂ ਲੱਛਣ ਕਦੋਂ ਮਹਿਸੂਸ ਕੀਤੇ/ ਲੱਛਣ ਸਭ ਤੋਂ ਪਹਿਲਾਂ ਕਦੋਂ ਪ੍ਰਗਟ ਹੋਏ (ਤਰੀਕ ਅਤੇ ਸਮਾਂ)
- ਕੀ ਉਹ ਕਿਸੇ ਪੱਕੇ ਕੇਸ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਇਆ ਹੈ?
- ਸਾਡੇ ਵੱਲੋਂ ਪਬਲਿਕ ਹੈਲਥ ਵਾਲਿਆਂ ਨੂੰ ਜ਼ਰੂਰੀ ਜਾਣਕਾਰੀ ਦਿੱਤੇ ਜਾਣ ਬਾਰੇ ਕੀ ਮਾਪਾ ਠੀਕ ਮਹਿਸੂਸ ਕਰਦਾ ਹੈ?

### ਕੋਵਿਡ-19 ਦੇ ਲੱਛਣਾਂ ਵਾਲੇ ਕਿਸੇ ਸਟਾਫ ਮੈਂਬਰ ਜਾਂ ਵਿਦਿਆਰਥੀ ਲਈ:

ਜਦੋਂ ਤੁਹਾਡੇ ਕੋਲ ਉਪਰਲੀ ਜਾਣਕਾਰੀ ਆ ਜਾਵੇਗੀ ਤਾਂ ਪ੍ਰਿੰਸੀਪਲ/ਏ ਓ/ ਸਾਈਟ ਮੈਨੇਜਰ ਇਹ ਜਾਣਕਾਰੀ ਹੇਠ ਲਿਖੇ ਲੋਕਾਂ ਨੂੰ ਈਮੇਲ ਕਰੇਗਾ।

ਟੂ: ਇਲਾਕੇ ਦੀ ਢੁਕਵੇਂ ਅਸਿਸਟੈਂਟ ਸੁਪਰਡੈਂਟ ਜਾਂ ਸੀਨੀਅਰ ਮੈਨੇਜਰ ਨੂੰ
ਕਾਪੀ: ਐੱਚ ਆਰ ਈ ਐੱਸ-ਸੇਫਟੀ
ਕਾਪੀ: ਜੌਰਡਨ ਟਿੰਨੀ (ਸੁਪਰਡੈਂਟ)
ਕਾਪੀ: ਮੈਡਲੇਨ ਮਹੋਨੀ, ਮਾਰਕ ਵੈਸਟ, ਗਰੈੱਗ ਫੋਰਬਜ਼-ਕਿੰਗ (ਸਰਵਿਸ ਉਪਰੇਸ਼ਨਜ਼)
ਕਾਪੀ: ਰਿਤਿੰਦਰ ਮੈਥਿਊ (ਕਮਿਊਨੀਕੇਸ਼ਨ ਮੈਨੇਜਰ)
ਕਾਪੀ: ਮੈਰੀ ਕੈਂਬਲ (ਮੈਨੇਜਰ ਹੈਲਥ ਐਂਡ ਸੇਫਟੀ)